ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

ਜਨਤਕ ਪ੍ਰੋਗਰਾਮਾਂ ਦੌਰਾਨ ਜੋਖਮ ਘਟਾਉਣਾ:

ਸੰਕਟਕਾਲੀਨ ਯੋਜਨਾਬੰਦੀ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦੇ ਨਿਆਂ ਵਿਭਾਗ (ਡੀ.ਓ.ਜੇ.) (U.S. Department of Justice Community Relations Service) (ਸੀ.ਆਰ.ਐਸ.) ਦਾ ਵਿਅਕਤੀਗਤ ਤੌਰ 'ਤੇ ਕਰਵਾਇਆ ਜਾਣ ਵਾਲਾ ਸਿਖਲਾਈ ਪ੍ਰੋਗਰਾਮ, *ਜਨਤਕ ਪ੍ਰੋਗਰਾਮਾਂ ਦੌਰਾਨ ਜੋਖਮ ਘਟਾਉਣਾ: ਸੰਕਟਕਾਲੀਨ ਯੋਜਨਾਬੰਦੀ*, ਵਿਸ਼ਾ ਮਾਹਰਾਂ ਦੀ ਅਗਵਾਈ ਵਿੱਚ ਕਰਵਾਇਆ ਜਾਣ ਵਾਲਾ ਪ੍ਰੋਗਰਾਮ ਹੈ, ਜੋ ਕਿ ਕਨੂੰਨ ਅਮਲੀਕਰਨ ਸੰਸਥਾਵਾਂ, ਸਰਕਾਰੀ ਅਧਿਕਾਰੀਆਂ, ਪ੍ਰੋਗਰਾਮ ਪ੍ਰਬੰਧਕਾਂ, ਅਤੇ ਭਾਈਚਾਰੇ ਦੇ ਵਲੰਟੀਰਾਂ ਦੀ ਸੁਰੱਖਿਅਤ ਜਨਤਕ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ। ਇਹ ਸਿਖਲਾਈ ਕੋਰਸ ਹਿੱਸੇਦਾਰਾਂ ਦੀ ਜਨਤਕ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਜਨਤਕ ਸੁਰੱਖਿਆ ਦੇ ਜੋਖਮਾਂ ਨੂੰ ਪਛਾਣਨ ਅਤੇ ਉਹਨਾਂ ਨੂੰ ਮਿਟਾਉਣ ਵਿੱਚ ਮਦਦ ਕਰਦਾ ਹੈ।

ਕਦੇ ਕਦੇ ਭਾਈਚਾਰੇ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਵਖਰੇਵਿਆਂ ਕਾਰਨ ਤਣਾਅ ਦਾ ਸਾਹਮਣਾ ਕਰਦੇ ਹਨ, ਅਤੇ ਇਹ ਵਿਵਾਦ ਜਨਤਕ ਰੋਸ ਮੁਜ਼ਾਹਰਿਆਂ ਰਾਹੀਂ ਦਿਖਾਈ ਦੇ ਸਕਦੇ ਹਨ। ਇਹ ਸਿਖਲਾਈ ਪ੍ਰੋਗਰਾਮ ਭਾਈਚਾਰਿਆਂ ਦੀ ਸੁਰੱਖਿਅਤ ਮੁਜਾਹਰੇ ਅਤੇ ਪ੍ਰਦਰਸ਼ਨ ਕਰਵਾਉਣ ਵਿੱਚ ਮਦਦ ਕਰਦਾ ਹੈ। ਪ੍ਰੋਗਰਾਮ ਸੰਕਟਕਾਲੀਨ ਯੋਜਨਾਬੰਦੀ ਲਈ ਬਿਹਤਰੀਨ ਪ੍ਰਥਾਵਾਂ ਅਤੇ ਟੂਲਾਂ ਨੂੰ ਲਾਗੂ ਕਰਨ ਰਾਹੀਂ, ਭਾਈਚਾਰੇ ਦੇ ਹਿੱਸੇਦਾਰ ਆਉਣ ਵਾਲੇ ਜਨਤਕ ਪ੍ਰੋਗਰਾਮਾਂ ਲਈ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਬਿਹਤਰ ਤਰੀਕੇ ਨਾਲ ਯੋਗਦਾਨ ਪਾ ਸਕਣਗੇ।

ਕੋਰਸ ਦੇ ਟੀਚੇ ਜਨਤਕ ਇਵੈਂਟ ਨੂੰ ਸੁਰੱਖਿਅਤ ਤਰੀਕੇ ਨਾਲ ਕਰਵਾਉਣ ਦੀ ਯੋਜਨਾ ਬਣਾਉਣ ਬਾਰੇ ਗਿਆਨ ਵਿੱਚ ਵਾਧਾ

ਜਨਤਕ ਇਵੈਂਟ ਕਰਵਾਉਣ ਲਈ ਯੋਜਨਾਬੰਦੀ ਦੀ ਮਹੱਤਤਾ ਨੂੰ ਸਥਾਪਤ ਕਰਨਾ

ਇਵੈਂਟ ਦੀ ਤਿਆਰੀ ਕਰਨ, ਇਵੈਂਟ ਰੱਖਣ, ਅਤੇ ਇਵੈਂਟ ਦੇ ਦੌਰਾਨ ਜਨਤਕ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਆਉਣ ਵਾਲੀਆਂ ਸੰਭਾਵੀ ਸਮੱਸਿਆਵਾਂ ਦਾ ਮੂਲਾਂਕਣ ਕਰਨ ਵਾਸਤੇ ਇੱਕ ਉਚਿਤ ਯੋਜਨਾ ਵਿਕਸਿਤ ਕਰਨ ਦੀ ਸ਼ੁਰੂਆਤ ਕਰਨੀ

ਪ੍ਰੋਗਰਾਮ ਦੀ ਰੂਪ-ਰੇਖਾ

ਜਦੋਂ ਭਾਈਚਾਰਿਆਂ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਵਖਰੇਵਿਆਂ ਕਾਰਨ ਵਿਵਾਦ ਪੈਦਾ ਹੁੰਦੇ ਹਨ, ਤਾਂ ਹੋ ਸਕਦਾ ਹੈ ਕਿ ਜਨਤਕ ਰੋਸ ਮੁਜ਼ਾਹਰੇ ਹੋਣ, ਅਤੇ ਸੀ.ਆਰ.ਐਸ. (CRS) ਵੱਲੋਂ ਇਹ ਪੱਕਾ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ ਕਿ ਭਾਈਚਾਰੇ ਦੇ ਮੈਂਬਰ ਇੱਕ ਸੁਰੱਖਿਅਤ ਪ੍ਰੋਗਰਾਮ ਕਰਵਾਉਣ ਲਈ ਬਿਹਤਰੀਨ ਪ੍ਰਥਾਵਾਂ ਨਾਲ ਸਿੱਖਿਅਤ ਹੋਣ।

ਪ੍ਰੋਗਰਾਮ ਯੋਜਨਾਬੰਦੀ ਲਈ ਵਿਚਾਰ ਅਧੀਨ ਕਾਰਕ ਇਹ ਪਾਠ ਪ੍ਰੋਗਰਾਮ ਦੀ ਯੋਜਨਾਬੰਦੀ ਕਰਨ ਲੱਗਿਆਂ ਵਿਚਾਰ ਅਧੀਨ ਵੱਖ-ਵੱਖ ਕਾਰਕਾਂ ਨੂੰ ਧਿਆਨ ਨਾਲ ਵੇਖਦਾ ਹੈ, ਜਿਸ ਵਿੱਚ ਲਾਜਿਸਟਿਕ, ਪਰਮਿਟ ਅਤੇ ਸਰੋਤਾਂ ਦੀ ਵੰਡ ਸ਼ਾਮਲ ਹਨ।

ਪ੍ਰਮੁੱਖ ਭਾਗੀਦਾਰ। ਇਹ ਪਾਠ ਪ੍ਰਮੁੱਖ ਭਾਗੀਦਾਰਾਂ ਦੀ ਪਛਾਣ ਕਰਨ, ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਨਿਸ਼ਚਿਤ ਕਰਨ, ਅਤੇ ਉਹਨਾਂ ਨੂੰ ਸਰੋਤ ਅਤੇ ਸਿਖਲਾਈ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇੱਕ ਕਾਰਜ ਯੋਜਨਾ ਵਿਕਸਿਤ ਕਰਨ ਉੱਤੇ ਕੇਂਦਰਿਤ ਹੈ।

ਪ੍ਰੋਗਰਾਮ ਦੇ ਪੜਾਵਾਂ ਦੀ ਯੋਜਨਾਬੰਦੀ। ਇਹ ਪਾਠ ਜ਼ਿਆਦਾਤਰ ਜਨਤਕ ਪ੍ਰੋਗਰਾਮਾਂ ਵਿੱਚ ਹੋਣ ਵਾਲੇ ਪੰਜ ਪ੍ਰਮੁੱਖ ਪੜਾਵਾਂ ਦੀ ਸਮੀਖਿਆ ਕਰਦਾ ਹੈ
- ਪ੍ਰੋਗਰਾਮ ਤੋਂ ਪਹਿਲਾਂ, ਇਕੱਠ ਕਰਨਾ, ਮਾਰਚ ਕਰਨਾ, ਰੈਲੀ ਕਰਨੀ, ਅਤੇ ਅਲੱਗ ਅਲੱਗ ਕਰਨਾ – ਅਤੇ ਉਹਨਾਂ ਦੀ ਯੋਜਨਾਬੰਦੀ ਬਾਰੇ ਅਤੇ ਉਹਨਾਂ ਵਿੱਚੋਂ ਹਰ ਇੱਕ ਨਾਲ ਜੁੜੇ ਹੋਏ ਜੋਖਮਾਂ ਬਾਰੇ ਵਿਚਾਰ ਵਿਟਾਂਦਰਾ ਕਰਦਾ ਹੈ।

ਸੰਭਾਵੀ ਸਮੱਸਿਆਵਾਂ ਲਈ ਯੋਜਨਾਬੰਦੀ। ਇਹ ਪਾਠ ਸੰਕਟਕਾਲੀਨ ਯੋਜਨਾਬੰਦੀ 'ਤੇ ਕੇਂਦਰਿਤ ਹੈ, ਜਿਸ ਵਿੱਚ ਸਥਾਨਕ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਪ੍ਰੋਗਰਾਮ ਪ੍ਰਬੰਧਕਾਂ ਵਿਚਕਾਰ ਤਾਲਮੇਲ ਬਿਠਾਉਣਾ ਸ਼ਾਮਲ ਹੈ।

ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥਾ ਨੂੰ ਵਧਾਉਂਦੀ ਹੈ।

ਸੀ.ਆਰ.ਐਸ. (CRS) ਦੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸਿਖਲਾਈ ਦੇ ਸਹਾਇਕ ਕੋਰਸ ਵਜੋਂ, ਸੀ.ਆਰ.ਐਸ. (CRS) ਵੱਲੋਂ ਇਹਨਾਂ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ *ਪ੍ਰੋਗਰਾਮ ਮਾਰਸ਼ਲ: ਪ੍ਰੋਗਰਾਮਾਂ ਦੌਰਾਨ ਜਨਤਕ ਸੁਰੱਖਿਆ ਕਾਇਮ ਰੱਖਣਾ*। ਇਹ ਪ੍ਰੋਗਰਾਮ ਅਤੇ ਹੋਰ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਵਰਤੇ ਜਾਣ ਵਾਲੇ ਟੂਲ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ. (CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੁਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ

www.justice.gov/crs

facebook.com/DOJCRS/ @DOJ_CRS askcrs@usdoj.gov 202.305.2935

ਟ੍ਰੇਨਿੰਗ ਬਾਰੇ ਸਾਡੇ ਕਿਸੀ ਵੀ ਖੇਤਰੀ ਜਾਂ ਫੀਲਡ ਦਫ਼ਤਰ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ:
https://www.justice.gov/crs/about-crs/regional-and-field-offices